# ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ

091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in


ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

**ਪੱਤਰ ਨੰ:ਚੋਣਾਂ-2023/** | **ਮਿਤੀ:**

1216 / 3/11/23

ਵੱਲ,

ਸ੍ਰੀਮਤੀ ਗੁਰਵਿੰਦਰ ਕੌਰ,
Dedicated AERO,091-ਭੁੱਚੋ ਮੰਡੀ (ਅ.ਜ)-ਕਮ
-ਤਹਿਸੀਲਦਾਰ, ਗੋਨਿਆਣਾ

ਵਿਸ਼ਾ:- **Appointment of dedicated AERO-regarding.**

ਹਵਾਲਾ:- ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦੇ ਦਫ਼ਤਰ ਦਾ ਪੱਤਰ ਨੰ: ਚੋਣ-2023/1885-90 ਮਿਤੀ: 27-10-2023 ਅਤੇ ਪੱਤਰ ਨੰ: ਚੋਣ-2023/1945-50 ਮਿਤੀ: 27-10-2023

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰਾਂ ਰਾਂਹੀ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਰਸਰੀ ਸੁਧਾਈ ਜੋ ਕਿ ਮਿਤੀ: 27-10-2023 ਤੋਂ ਸ਼ੁਰੂ ਹੋ ਚੁੱਕੀ ਹੈ ਉਸ ਦੌਰਾਨ 18-19 ਸਾਲ ਦੇ ਯੋਗ ਵਿਅਕਤੀਆਂ ਦੀਆਂ ਵੱਧ ਤੋਂ ਵੱਧ ਵੋਟਾਂ ਰਜਿਸਟਰ ਕੀਤੀਆਂ ਜਾਣ ਅਤੇ ਇਸ ਹਲਕੇ ਦੀ ਸਵੀਪ ਟੀਮ ਨਾਲ ਤਾਲਮੇਲ ਕਰਕੇ ਸਰਕਾਰੀ/ਪ੍ਰਾਈਵੇਟ ਕਾਲਜਾ, ਟੈਕਨੀਕਲ ਸੰਸਥਾਵਾਂ, ਨਰਸਿੰਗ ਕਾਲਜ, IELTS ਸੈਂਟਰਾਂ ਅਤੇ ਹੋਰ ਵਿੱਦਿਅਕ ਸੰਸਥਾਵਾਂ ਵਿੱਚ ਕੈਂਪ ਲਗਾਏ ਜਾਣ। ਯੋਗ ਵੋਟਰਾਂ ਨੂੰ ਵੋਟ ਬਣਵਾਉਣ ਸਬੰਧੀ ਜਾਗਰੁਕ ਕਰਨ ਲਈ ਨੁੱਕੜ ਨਾਟਕਾਂ ਰਾਂਹੀ ਉਤਸ਼ਾਹਿਤ ਕੀਤਾ ਜਾਵੇ ਅਤੇ ਮਿਤੀ: 4,5,ਨਵੰਬਰ-2023 ਅਤੇ 2,3, ਦਸੰਬਰ-2023 ਨੂੰ ਪੋਲਿੰਗ ਬੂਥਾਂ ਤੇ ਲਗਾਏ ਜਾਣ ਵਾਲੇ ਕੈਂਪਾਂ ਸਬੰਧੀ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ।ਇਸ ਦੌਰਾਨ ਕੀਤੀਆਂ ਗਈਆਂ ਸਵੀਪ ਗਤੀਵਿਧੀਆਂ ਦੀਆਂ ਕਲਰ ਫ਼ੋਟੋਜ਼ ਅਤੇ ਵੀਡਿਓ ਕਲਿਪ ਇਸ ਦਫ਼ਤਰ ਪਾਸ ਭੇਜੀਆਂ ਜਾਣ।ਲਗਾਏ ਗਏ ਕੈਂਪਾਂ ਦੀ ਜਾਣਕਾਰੀ ਹਰੇਕ ਵੀਰਵਾਰ ਨੂੰ ਨਿਮਨ ਪ੍ਰੋਫਾਰਮੇ ਵਿੱਚ ਭੇਜੀ ਜਾਵੇ ਤਾਂ ਜੋ ਇਸ ਸਬੰਧੀ ਰਿਪੋਰਟ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸਮੇਂ ਸਿਰ ਭੇਜੀ ਜਾ ਸਕੇ।

| ਲੜੀ ਨੰ: | ਮਿਤੀ: | ਕੈਂਪ ਦਾ ਸਥਾਨ | ਹਾਜ਼ਰ ਵਿਦਿਆਰਥੀਆਂ ਦੀ ਗਿਣਤੀ | ਆਨਲਾਈਨ/ਆਫਲਾਈਨ ਭਰਵਾਏ ਗਏ ਫ਼ਾਰਮਾਂ ਦੀ ਗਿਣਤੀ |
|---|---|---|---|---|
| | | | | |

ਇਸ ਤੋਂ ਇਲਾਵਾ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ 100% ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ। ਇਸ ਸਬੰਧੀ ਸਕੂਲ ਮੁੱਖੀਆਂ ਪਾਸੋ ਸ਼ਰਟੀਫਿਕੇਟ ਪ੍ਰਾਪਤ ਕੀਤੇ ਜਾਣ ਕਿ ਉਹਨਾਂ ਦੀ ਸੰਸਥਾ ਵਿੱਚ ਕੋਈ ਵੀ ਯੋਗ ਵਿਦਿਆਰਥੀ ਵੋਟ ਬਣਾਉਣ ਤੋਂ ਵਾਂਝਾ ਨਹੀਂ ਰਿਹਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: 2204-06 | ਮਿਤੀ: 03-11-2023

ਉਪਰੋਕਤ ਦਾ ਉਤਾਰਾ:-

1) ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਨੂੰ ਸੂਚਨਾਂ ਹਿੱਤ।
2) (ੳ) ਸ੍ਰੀ ਗੁਰਤੇਜ਼ ਸਿੰਘ ,ਲੈਕ. ਪੋਲੀਟੀਕਲ ਸਾਇੰਸ,ਸ.ਸ.ਸ.ਸ, ਕੁਟੀ (ਸਵੀਪ ਨੋਡਲ ਅਫ਼ਸਰ)
   (ਅ) ਸ੍ਰੀ ਪ੍ਰਿਤਪਾਲ ਸਿੰਘ, ਲੈਕ, ਇੰਗਲਿਸ,ਸ.ਸ.ਸ.ਸ, ਜੰਗੀਰਾਣਾ (ਮੈਂਬਰ ਸਵੀਪ)
   ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ Dedicated AERO-ਕਮ-ਤਹਿਸੀਲਦਾਰ, ਸਬ ਤਹਿਸੀਲ, ਗੋਨਿਆਣਾ ਨਾਲ ਤਾਲਮੇਲ ਕਰਕੇ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
3) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ), ਬਠਿੰਡਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਉਕਤ ਕਰਮਚਾਰੀਆਂ ਨੂੰ ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਜੀ ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਵੀਪ ਗਤੀਵਿਧੀਆਂ ਕਰਨ ਲਈ ਤੁਰੰਤ ਆਪਣੀ ਡਿਊਟੀ ਤੋਂ ਮਿਤੀ: 13-12-2023 ਤੱਕ ਰਲੀਵ ਕੀਤਾ ਜਾਵੇ।

[illegible]

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

3/11/23
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਬਠਿੰਡਾ